ਤੀਜਾ ਸਮਾਗਮ

ਪੰਜਾਬ ਵਿਧਾਨ ਸਭਾ ਸਕੱਤਰੇਤ
ਮੰਗਲਵਾਰ, ਮਿਤੀ 28 ਨਵੰਬਰ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

**ਜ਼ਿਲ੍ਹਾ ਮਾਨਸਾ ਵਿਖੇ ਮਿੱਟੀ ਅਤੇ ਪਾਣੀ (ਧਰਤੀ ਹੇਠਲੇ) ਟੈਸਟ ਕਰਨ ਦੀਆਂ ਪ੍ਰਯੋਗਸ਼ਾਲਾਵਾਂ ਦੀ ਗਿਣਤੀ**

***590. ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜ਼ਿਲ੍ਹਾ ਮਾਨਸਾ ਵਿਚ ਬਲਾਕ ਵਾਈਜ਼ ਕਿੰਨੀਆਂ ਮਿੱਟੀ ਅਤੇ ਪਾਣੀ (ਧਰਤੀ ਹੇਠਲੇ) ਟੈਸਟ ਕਰਨ ਦੀਆਂ ਪ੍ਰਯੋਗਸ਼ਾਲਾਵਾ ਹਨ ਅਤੇ ਕੀ ਉਨ੍ਹਾਂ ਦੇ ਉਪਕਰਨ ਅਤੇ ਕਰਮਚਾਰੀ ਪੂਰੇ ਹਨ;

ਅ) ਜ਼ਿਲ੍ਹਾ ਮਾਨਸਾ ਵਿਚ ਬਲਾਕ ਵਾਈਜ ਇਹ ਸਹੂਲਤ ਕਦੋਂ ਤੱਕ ਕਿਸਾਨਾਂ ਨੂੰ ਮੁਹੱਈਆ ਕਰਵਾਈ ਜਾਵੇਗੀ?

**ਰਾਜ ਵਿਚ ਸਰਕਾਰੀ ਹਸਪਤਾਲਾਂ/ਸਿਹਤ ਕੇਂਦਰਾਂ ਅਤੇ ਡਿਸਪੈਂਸਰੀਆਂ ਵਿਚ ਡਾਕਟਰਾਂ ਅਤੇ ਫਾਰਮਾਸਿਸਟਾਂ ਦੀਆਂ ਅਸਾਮੀਆਂ**

***620. ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਸਰਕਾਰੀ ਹਸਪਤਾਲਾਂ, ਸਿਹਤ ਕੇਂਦਰਾਂ ਅਤੇ ਡਿਸਪੈਂਸਰੀਆਂ ਵਿਚ ਵੱਖ-ਵੱਖ ਤੌਰ ਤੇ ਡਾਕਟਰਾਂ ਅਤੇ ਫਾਰਮਾਸਿਸਟਾਂ ਦੀਆਂ 31/12/2016 ਨੂੰ ਮਨਜੂਰਸ਼ੁਦਾ ਅਸਾਮੀਆਂ ਕਿੰਨੀਆਂ-ਕਿੰਨੀਆਂ ਸਨ;

ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਸਾਮੀਆਂ ਵਿਚੋਂ 30/10/2017 ਨੂੰ ਵੱਖ-ਵੱਖ ਤੌਰ ਤੇ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਸਨ?

**ਮਿਉਂਸਪਲ ਕੌਂਸਲ ਦਿੜ੍ਹਬਾ ਵਿਚ ਤਾਇਨਾਤ ਕਾਰਜਕਾਰੀ ਅਫਸਰ ਦਾ ਵੇਰਵਾ**

***631. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਮਿਉਂਸਪਲ ਕੌਂਸਲ ਦਿੜ੍ਹਬਾ (ਸੰਗਰੂਰ) ਵਿਚ ਇਸ ਸਮੇਂ ਕੋਈ ਕਾਰਜਕਾਰੀ ਅਫ਼ਸਰ ਨਿਯਮਿਤ ਤੌਰ ਤੇ ਤਾਇਨਾਤ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਅਫ਼ਸਰ ਦਾ ਕੀ ਨਾਂ ਹੈ ਅਤੇ ਉਹ ਕਦੋਂ ਤੋਂ ਉੱਥੇ ਕੰਮ ਕਰ ਰਿਹਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾਂਹ ਵਿਚ ਹੋਵੇ ਤਾਂ ਕਿਸ ਵਿਅਕਤੀ ਨੂੰ ਉਕਤ ਮਿਉਂਸਪਲ ਕੌਂਸਲ ਦਾ ਚਾਰਜ ਦਿੱਤਾ ਗਿਆ ਹੈ?

**ਡਾਕਟਰ ਅੰਬੇਦਕਰ ਸਟੈਨੋਗ੍ਰਾਫੀ ਇੰਸਟੀਚਿਊਟ ਵਿਚ ਇੰਸਟਰੱਕਟਰਾਂ ਲਈ ਤਰੱਕੀ ਦੇ ਨਿਯਮ ਬਣਾਉਣਾ**

***691. ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ.:-** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਭਲਾਈ ਵਿਭਾਗ ਦੁਆਰਾ ਚਲਾਏ ਜਾ ਰਹੇ ਡਾਕਟਰ ਅੰਬੇਦਕਰ ਸਟੈਨੋਗਰਾਫੀ ਇੰਸਟੀਚਿਊਟ ਵਿੱਚ ਸਟੈਨੋਗਰਾਫੀ ਇੰਸਟਰੱਕਟਰਾਂ ਲਈ ਤਰੱਕੀ ਦੇ ਕੀ-ਕੀ ਮੌਕੇ ਹਨ ਅਤੇ ਇਸ ਸਬੰਧੀ ਕੀ ਨਿਯਮ ਹਨ;

ਅ) ਜੇਕਰ ਅਜਿਹੇ ਕੋਈ ਨਿਯਮ ਨਹੀਂ ਹਨ ਤਾਂ ਕੀ ਸਟੈਨੋਗਰਾਫੀ ਇੰਸਟਰੱਕਟਰਾਂ ਨੂੰ ਤਰੱਕੀ ਦੇ ਮੌਕੇ ਦੇਣ ਲਈ ਕੋਈ ਕੋਟਾ ਨਿਸ਼ਚਿਤ ਕਰਨ ਅਤੇ ਇਸ ਸਬੰਧੀ ਨਿਯਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਨਿਯਮ ਕਿੰਨੇ ਸਮੇਂ ਵਿੱਚ ਤਿਆਰ ਕਰ ਲਏ ਜਾਣਗੇ?

**ਸਵੱਛ ਭਾਰਤ ਅਭਿਆਨ ਤਹਿਤ ਹਲਕਾ ਬੰਗਾ ਵਿਚ ਬਣਾਏ ਟਾਇਲਟਾਂ ਦੀ ਗਿਣਤੀ**

***565. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬੰਗਾ ਵਿਚ ਸਵੱਛ ਭਾਰਤ ਅਭਿਆਨ ਸਕੀਮ ਅਧੀਨ 100 ਫੀਸਦੀ ਟਾਇਲਟ ਬਣ ਗਏ ਹਨ; ਜੇਕਰ ਨਹੀਂ ਤਾਂ ਅਜੇ ਕਿੰਨੇ ਟਾਇਲਟ ਬਣਨ ਨੂੰ ਰਹਿੰਦੇ ਹਨ?

**ਮੋਹਾਲੀ ਵਿਚ ਬਿਜਲੀ ਦੇ ਕੱਟ ਲੱਗਣ ਦੇ ਕਾਰਨ**

***571. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:-** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਐਸ.ਏ.ਐਸ. ਨਗਰ (ਮੋਹਾਲੀ) ਸ਼ਹਿਰ ਵਿੱਚ ਇਸ ਵਾਰ ਗਰਮੀਆਂ ਦੇ ਸੀਜਨ ਵਿੱਚ ਬਿਜਲੀ ਦੇ ਲੰਮੇ ਕੱਟ ਲੱਗਣ ਦੇ ਕੀ ਕਾਰਨ ਸਨ?

**ਫਗਵਾੜਾ ਵਿਖੇ ਆਈ.ਟੀ.ਆਈ. ਦੀ ਬਿਲਡਿੰਗ ਨੂੰ ਮੁਕੰਮਲ ਕਰਨਾ**

***558. ਸ਼੍ਰੀ ਸੋਮ ਪ੍ਰਕਾਸ਼, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਗਵਾੜਾ ਵਿਖੇ ਆਈ.ਟੀ.ਆਈ. (ਲੜਕੇ) ਦੀ ਬਣ ਰਹੀ ਅਧੂਰੀ ਬਿਲਡਿੰਗ ਕਦੋਂ ਤੱਕ ਮੁਕੰਮਲ ਕਰ ਦਿੱਤੀ ਜਾਵੇਗੀ ਅਤੇ ਕਦੋਂ ਤੱਕ ਕਲਾਸਾਂ ਇਸ ਨਵੀਂ ਬਿਲਡਿੰਗ ਵਿੱਚ ਸ਼ੁਰੂ ਕਰ ਦਿੱਤੀਆਂ ਜਾਣਗੀਆਂ?

**ਅਹਿਮਦਗੜ੍ਹ ਵਿਖੇ ਸਰਕਾਰੀ ਹਾਈ ਸਕੂਲ ਦੀ ਇਮਾਰਤ ਦੀ ਉਸਾਰੀ**

***634. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਅਹਿਮਦਗੜ੍ਹ (ਸੰਗਰੂਰ) ਵਿਖੇ ਸਰਕਾਰੀ ਹਾਈ ਸਕੂਲ ਦੀ ਇਮਾਰਤ ਦੀ ਉਸਾਰੀ ਦਾ ਕੰਮ ਲੰਮੇ ਸਮੇਂ ਤੋਂ ਰੁਕਿਆ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਣ ਕੀ ਹਨ;

ਅ) ਉਪਰੋਕਤ ਇਮਾਰਤ ਦੀ ਉਸਾਰੀ ਦਾ ਕੰਮ ਮੁਕੰਮਲ ਕਰਨ ਲਈ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਕਦਮ ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਪੁਲਿਸ ਥਾਣਿਆ ਅੰਦਰ ਖੜ੍ਹੇ ਵਹੀਕਲਾਂ ਦੀ ਸਮੱਸਿਆ**

***690. ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਅੰਦਰ ਪੁਲਿਸ ਥਾਣਿਆ ਅੰਦਰ ਵੱਡੇ ਪੱਧਰ ਤੇ ਕੇਸ ਪਰਾਪਰਟੀ ਨਾਲ ਸਬੰਧਤ ਵਹੀਕਲ ਖੜ੍ਹੇ ਹਨ;

ਅ) ਕੀ ਇਹ ਵੀ ਠੀਕ ਹੈ ਉਪਰੋਕਤ ਭਾਗ (ੳ) ਵਿੱਚ ਦਰਜ ਵਹੀਕਲ ਥਾਣਿਆਂ ਅੰਦਰ ਜਿਆਦਾ ਜਗ੍ਹਾ ਘੇਰਨ ਕਰਕੇ ਇੱਕ ਸਮੱਸਿਆ ਬਣ ਰਹੇ ਹਨ;

ੲ) ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਕੋਈ ਪਾਲਿਸੀ ਬਣਾਈ ਜਾ ਰਹੀ ਹੈ?

**ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਈਂਸਿਸ ਦੁਆਰਾ ਬੀ.ਐਸ.ਸੀ. ਨਰਸਿੰਗ ਦੀਆਂ ਡਿਗਰੀਆਂ ਸਮੇਂ ਸਿਰ ਨਾ ਦੇਣਾ**

***670. ਸਰਦਾਰ ਨਵਤੇਜ ਸਿੰਘ ਚੀਮਾ, ਐਮ.ਐਲ.ਏ.:-** ਕੀ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਈਂਸਿਸ ਦੁਆਰਾ ਬੀ.ਐਸ.ਸੀ. ਨਰਸਿੰਗ ਅਤੇ ਹੋਰ ਕੋਰਸਾਂ ਦੀਆਂ ਡਿਗਰੀਆਂ ਫਾਈਨਲ ਰਿਜ਼ਲਟ ਆਉਣ ਤੋਂ ਬਾਅਦ ਵੀ ਕਈ-ਕਈ ਮਹੀਨੇ ਤੱਕ ਸਬੰਧਤ ਕਾਲਜਾਂ ਨੂੰ ਨਹੀਂ ਭੇਜੀਆਂ ਜਾਂਦੀਆਂ;

ਅ) ਕੀ ਇਹ ਵੀ ਠੀਕ ਹੈ ਕਿ ਜਦੋਂ ਅੱਠ-ਦੱਸ ਮਹੀਨੇ ਜਾਂ ਸਾਲ ਬਾਅਦ ਵਿਦਿਆਰਥੀ ਆਪਣੀ ਡਿਗਰੀ ਲੈਣ ਲਈ ਯੂਨੀਵਰਸਿਟੀ ਜਾਂਦੇ ਹਨ ਤਾਂ ਯੂਨੀਵਰਸਿਟੀ ਦੁਆਰਾ ਉਹਨਾਂ ਨੂੰ ਐਡਵਾਂਸ ਡਿਗਰੀ ਦਾ ਬਹਾਨਾ ਪਾ ਕੇ 4050 ਰੁਪਏ ਫੀਸ ਵਸੂਲ ਕੀਤੀ ਜਾਂਦੀ ਹੈ;

ੲ) ਜੇਕਰ ਉਪਰੋਕਤ ਭਾਗ (ੳ ਅਤੇ ਅ) ਦਾ ਉਤਰ ਹਾਂ ਵਿੱਚ ਹੋਵੇ ਤਾਂ ਕੀ ਵਿਭਾਗ ਦੁਆਰਾ ਯੂਨੀਵਰਸਿਟੀ ਅਥਾਰਟੀ ਨੂੰ ਸਮਾਂ-ਬੱਧ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਕਿ ਵਿਦਿਆਥੀਆਂ ਦੀਆਂ ਡਿਗਰੀਆਂ ਫਾਈਨਲ ਰਿਜ਼ਲਟ ਆਉਣ ਤੋਂ ਤਿੰਨ ਮਹੀਨੇ ਦੇ ਵਿੱਚ-ਵਿੱਚ ਸਬੰਧਤ ਕਾਲਜਾਂ ਨੂੰ ਭੇਜੀਆਂ ਜਾਣ?

ਪਰਤੋਂ ਜੀ

**ਜਨਮ ਅਤੇ ਮੌਤ ਦੇ ਇੰਦਰਾਜ/ਸਰਟੀਫਿਕੇਟ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸੋਖਾ ਬਣਾਉਣਾ**

***638. ਡਾ. ਧਰਮਬੀਰ ਅਗਨੀਹੋਤਰੀ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰੀ ਰਿਕਾਰਡ ਵਿਚ ਜਨਮ ਅਤੇ ਮੌਤ ਦੇ ਇੰਦਰਾਜ ਲਈ ਮੌਜੂਦਾ ਵਿਧੀ ਕੀ ਹੈ ਅਤੇ ਅਜਿਹੇ ਕੇਸਾਂ ਵਿਚ ਜਨਮ ਅਤੇ ਮੌਤ ਦੇ ਸਰਟੀਫਿਕੇਟ ਜਾਰੀ ਕਰਨ ਦੀ ਕੀ ਪ੍ਰਕਿਰਿਆ ਹੈ;

ਅ) ਕੀ ਸਰਕਾਰ ਅਜਿਹੇ ਇੰਦਰਾਜਾਂ ਦੀ ਪ੍ਰਕਿਰਿਆ ਨੂੰ ਸੋਖਾ ਬਣਾਉਣ ਲਈ ਅਤੇ ਸਰਟੀਫਿਕੇਟ ਜਾਰੀ ਕਰਨ ਲਈ ਕਦਮ ਚੁੱਕੇਗੀ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਪਿੰਡ ਦੌਧਰ, ਮੋਗਾ ਵਿਖੇ ਪਾਣੀ ਦੀਆਂ ਪਾਈਪਾਂ ਨੂੰ ਜ਼ਮੀਨ-ਦੋਜ਼ ਕਰਨਾ**

***595. ਸਰਦਾਰ ਮਨਜੀਤ ਸਿੰਘ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿੰਡ ਦੌਧਰ, ਜ਼ਿਲ੍ਹਾ ਮੋਗਾ ਵਿਖੇ ਨਹਿਰ ਵਿਚੋਂ 85 ਪਿੰਡਾਂ ਨੂੰ ਪਾਣੀ ਸਪਲਾਈ ਕਰਨ ਲਈ ਪ੍ਰਜੈਕਟ ਲਗਾਇਆ ਜਾ ਰਿਹਾ ਹੈ ਅਤੇ ਪਾਣੀ ਦੀਆਂ ਪਾਈਪਾਂ ਲਿੰਕ ਸੜਕਾਂ ਤੇ ਲੰਮੇ ਸਮੇਂ ਤੋਂ ਸੁੱਟੀਆਂ ਗਈਆਂ ਹਨ ਪਰ ਉਨ੍ਹਾਂ ਨੂੰ ਹੁਣ ਤੱਕ ਜ਼ਮੀਨ-ਦੋਜ਼ ਨਹੀਂ ਕੀਤਾ ਗਿਆ ਜਿਸ ਨਾਲ ਲਿੰਕ ਸੜਕਾਂ ਤੇ ਆਉਣ-ਜਾਣ ਵਾਲੇ ਵਾਹਨਾਂ ਨੂੰ ਬਹੁਤ ਕਠਿਨਾਈ ਪੇਸ਼ ਆਉਂਦੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਪਾਣੀ ਦੀਆਂ ਪਾਈਪਾਂ ਨੂੰ ਕਦੋਂ ਤੱਕ ਜ਼ਮੀਨ ਦੋਜ਼ ਕਰ ਦਿੱਤਾ ਜਾਵੇਗਾ?

**ਗੋਇੰਦਵਾਲ ਸਾਹਿਬ ਵਿਖੇ ਪਿੰਡਾਂ ਨੂੰ ਦਰਿਆ ਵਿਚ ਰੁੜਨ ਤੋਂ ਬਚਾਉਣ ਲਈ ਸਪੱਰ (SPUR) ਬਣਾਉਣਾ**

***585. ਸਰਦਾਰ ਸੰਤੋਖ ਸਿੰਘ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਗੋਇੰਦਵਾਲ ਸਾਹਿਬ ਵਿਖੇ ਦਰਿਆ ਬਿਆਸ ਤੇ ਬਣੇ ਪੁੱਲ ਤੋਂ ਗੋਇੰਦਵਾਲ ਸਾਹਿਬ ਵੱਲ ਨੂੰ ਪਾਣੀ ਦੇ ਵਹਾਅ ਨਾਲ ਦਰਿਆ ਵਿੱਚਕਾਰੋਂ ਉੱਚਾ ਹੋ ਗਿਆ ਹੈ ਅਤੇ ਪਾਣੀ ਦਾ ਵਹਾਅ ਗੋਇੰਦਵਾਲ ਸਾਹਿਬ ਅਤੇ ਉਸ ਤੋਂ ਅੱਗਲੇ ਪਿੰਡਾਂ ਵੱਲ ਨੂੰ ਢਾਹ ਲਗਾ ਰਿਹਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਗੋਇੰਦਵਾਲ ਸਾਹਿਬ ਤੇ ਅਗਲੇ ਪਿੰਡਾਂ ਦੀ ਜ਼ਮੀਨ ਦਰਿਆ ਵਿੱਚ ਰੁੜਨ ਤੋਂ ਬਚਾਉਣ ਲਈ ਸਪੱਰ (SPUR) ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਰੁੜਕਾ ਕਲਾਂ (ਜ਼ਿਲ੍ਹਾ ਜਲੰਧਰ) ਵਿਖੇ ਉਦਯੋਗਿਕ ਸਿਖਲਾਈ ਕੇਂਦਰ ਬਣਾਉਣਾ**

***583. ਸ਼੍ਰੀ ਬਲਦੇਵ ਸਿੰਘ ਖਹਿਰਾ, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੁੜਕਾ ਕਲਾਂ (ਜ਼ਿਲ੍ਹਾ ਜਲੰਧਰ) ਵਿਖੇ ਉਦਯੋਗਿਕ ਸਿਖਲਾਈ ਕੇਂਦਰ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇੱਥੇ ਉਦਯੋਗਿਕ ਸਿਖਲਾਈ ਕੇਂਦਰ ਬਣਾ ਦਿੱਤਾ ਜਾਵੇਗਾ?

**ਸਰਹੱਦੀ ਖੇਤਰ ਦੇ ਬੱਚਿਆਂ ਲਈ ਸਿੱਖਿਆ ਪਾਲਿਸੀ ਬਣਾਉਣਾ**

***640. ਡਾ. ਧਰਮਬੀਰ ਅਗਨੀਹੋਤਰੀ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਰਾਜ ਵਿਚ ਸਰਹੱਦੀ ਖੇਤਰ ਦੇ ਵਸਨੀਕਾਂ ਦੇ ਬੱਚਿਆਂ ਦੇ ਪਿਛੜੇਪਨ ਦੇ ਮੱਦੇਨਜ਼ਰ ਕੋਈ ਵੱਖਰੀ ਸਿੱਖਿਆ ਪਾਲਸੀ ਬਣਾਏਗੀ; ਜੇਕਰ ਹਾਂ ਤਾਂ ਇਸਦੇ ਵੇਰਵੇ ਕੀ ਹਨ;

ਅ) ਸਰਕਾਰ ਸਰਹੱਦੀ ਖੇਤਰਾਂ ਦੇ ਸਕੂਲਾਂ ਵਿਚ ਅਧਿਆਪਕਾਂ ਦੀ ਗਿਣਤੀ ਵਧਾਉਣ ਲਈ ਕੀ ਕਦਮ ਚੁੱਕਣ ਦੀ ਤਜਵੀਜ਼ ਰੱਖਦੀ ਹੈ?

**ਸਿਵਲ ਹਸਪਤਾਲ, ਫਤਹਿਗੜ੍ਹ ਸਾਹਿਬ, ਸੀ.ਐਚ.ਸੀ. ਖੇੜਾ ਅਤੇ ਚਨਾਰਥਲ ਵਿੱਚ ਖਾਲੀ ਅਸਾਮੀਆਂ**

***701. ਸਰਦਾਰ ਕੁਲਜੀਤ ਸਿੰਘ ਨਾਗਰਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਿਵਲ ਹਸਪਤਾਲ, ਫਤਹਿਗੜ੍ਹ ਸਾਹਿਬ ਵਿਚ ਗਾਇਨੀ, ਆਰਥੋ, ਈ.ਐਨ.ਟੀ. ਸਰਜਨ ਆਦਿ ਡਾਕਟਰਾਂ, ਨਰਸਾਂ ਦਫਤਰੀ ਸਟਾਫ ਅਤੇ ਕਲਾਸ-4 ਦੀਆਂ ਕਿੰਨੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ, ਇਨ੍ਹਾਂ ਵਿਚੋਂ ਕਿਹੜੀਆਂ-ਕਿਹੜੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ;

ਅ) ਸੀ.ਐਚ.ਸੀ. ਖੇੜਾ ਅਤੇ ਚਨਾਰਥਲ ਵਿਚ ਡਾਕਟਰਾਂ ਅਤੇ ਹੋਰ ਸਟਾਫ ਦੀਆਂ ਕਿੰਨੀਆ-ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ, ਇਨ੍ਹਾਂ ਵਿਚੋਂ ਕਿਹੜੀਆਂ-ਕਿਹੜੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਔਰਤਾਂ ਪ੍ਰਤੀਨਿਧੀਆਂ ਦੁਆਰਾ ਮੀਟਿੰਗਾਂ ਵਿੱਚ ਆਪ ਹਿੱਸਾ ਨਾ ਲੈਣਾ**

***708. ਸਰਦਾਰ ਤਰਸੇਮ ਸਿੰਘ ਡੀ.ਸੀ., ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਵੱਖ-ਵੱਖ ਮਿਊਂਸਪਲ ਕਾਰਪੋਰੇਸ਼ਨਾਂ/ਮਿਊਂਸਪਲ ਕਮੇਟੀਆਂ ਦੀਆਂ ਮੀਟਿੰਗਾਂ ਵਿਚ ਔਰਤਾਂ ਲਈ ਰਾਖਵਾਂ ਸੀਟਾਂ ਤੇ ਚੁਣੀਆਂ ਹੋਈਆਂ ਔਰਤਾਂ ਹੀ ਹਿੱਸਾ ਲੈਣਗੀਆਂ ਨਾਂ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਸ ਸਬੰਧ ਵਿਚ ਕੀ-ਕੀ ਕਦਮ ਚੁੱਕ ਰਹੀ ਹੈ ਤਾਂ ਕਿ ਔਰਤਾਂ ਨੂੰ ਸਸ਼ਕਤੀਕਰਨ ਕਰਨ ਲਈ ਕੀਤਾ ਗਿਆ ਇਹ ਉਦਮ ਕਾਰਗਰ ਸਾਬਤ ਹੋ ਸਕੇ?

**ਨਹਿਰੀ ਪਾਣੀ ਦੀ ਵਾਰੀ ਸਬੰਧੀ ਕੇਸਾਂ ਦੀ ਗਿਣਤੀ**

***667. ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕਿਸਾਨਾਂ ਦੇ ਮੋਘਿਆਂ, ਖਾਲਿਆਂ ਨੱਕਿਆ ਦੇ ਪਾਣੀ ਦੀ ਵਾਰੀ ਆਦਿ ਦੇ ਕਿੰਨੇ ਕੇਸ ਵੱਖ-ਵੱਖ ਪੱਧਰ ਤੇ ਜਿਵੇਂ ਕਿ ਡਿਪਟੀ ਕੁਲੈਕਟਰ, ਮੰਡਲ ਸਰਕਲ ਅਤੇ ਚੀਫ਼ ਇੰਜੀਨੀਅਰ ਪੱਧਰ ਤੇ ਚੱਲ ਰਹੇ ਹਨ;

ਅ) ਇਹਨਾਂ ਕੇਸਾਂ ਵਿਚ ਕਿੰਨੇ 6 ਮਹੀਨੇ 9 ਮਹੀਨੇ, 1 ਸਾਲ, 2 ਸਾਲ, 3 ਸਾਲ, 4 ਸਾਲ, 5 ਸਾਲ ਤੋਂ ਜਾਂ ਵਧੇਰੇ ਸਮੇਂ ਤੋਂ ਲੰਬਿਤ ਪਏ ਹਨ ਅਤੇ ਕਿੰਨੇ ਕੇਸਾਂ ਵਿਚ ਫੈਸਲੇ ਹੋਣ ਤੋਂ ਬਾਅਦ ਫੈਸਲੇ ਲਾਗੂ ਨਹੀਂ ਕੀਤੇ ਗਏ;

ੲ) ਕੀ ਨਹਿਰੀ ਮਹਿਕਮੇ ਨਾਲ ਸਬੰਧਿਤ ਕੇਸਾਂ ਨੂੰ ਸਮਾਂਬੱਧ ਤਰੀਕੇ ਨਾਲ ਨਿਪਟਾਉਣ ਦੀ ਸਰਕਾਰ ਦੀ ਕੋਈ ਪਾਲਿਸੀ ਹੈ; ਜੇਕਰ ਹਾਂ ਤਾਂ ਕੁਤਾਹੀ ਕਰਨ ਵਾਲੇ ਅਫ਼ਸਰਾਂ ਖਿਲਾਫ ਸਰਕਾਰ ਨੇ ਹੁੱਣ ਤੱਕ ਕੀ ਐਕਸ਼ਨ ਲਿਆ ਹੈ?

**ਆਦਮਪੁਰ ਵਿਖੇ ਉਦਯੋਗਿਕ ਸਿਖਲਾਈ ਸੰਸਥਾ ਨੂੰ ਮੁੜ ਚਾਲੂ ਕਰਨਾ**

***601. ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਜਲੰਧਰ ਦੇ ਕਸਬਾ ਆਦਮਪੁਰ ਵਿਖੇ ਉਦਯੋਗਿਕ ਸਿਖਲਾਈ ਸੰਸਥਾ ਨੂੰ ਬੰਦ ਕਰਨ ਦੇ ਕੀ ਕਾਰਨ ਸਨ ਅਤੇ ਕੀ ਇਸ ਨੂੰ ਲੋਕ ਹਿੱਤ ਵਿਚ ਮੁੜ ਤੋਂ ਚਾਲੂ ਕਰਨ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਹਲਕਾ ਫਤਹਿਗੜ੍ਹ ਸਾਹਿਬ ਵਿਚ ਸਰਕਾਰੀ ਕਾਲਜ ਬਣਾਉਣਾ**

***702. ਸਰਦਾਰ ਕੁਲਜੀਤ ਸਿੰਘ ਨਾਗਰਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਪਵਿੱਤਰ ਧਰਤੀ ਹਲਕਾ ਫਤਹਿਗੜ੍ਹ ਸਾਹਿਬ ਵਿਚ ਸਰਕਾਰੀ ਕਾਲਜ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

ਚੰਡੀਗੜ੍ਹ
ਮਿਤੀ 24 ਨਵੰਬਰ, 2017

ਸ਼੍ਰੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।